# ਡਾਇਰੈਕਟਰ ਜਨਰਲ ਸਕੂਲ ਸਿਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
## ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ, ਪੰਜਾਬ

ਸਿੱਖਿਆ ਭਵਨ(ਪੀ.ਐਸ.ਈ.ਬੀ.) ਪੰਜਵੀਂ ਮੰਜਿਲ,ਬਲਾਕ-ਈ,ਫੇਜ-8 ਅਜੀਤਗੜ(ਮੋਹਾਲੀ)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ.)
ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਅਥਾਰਟੀ
ਪੰਜਾਬ

ਮੀਮੋ ਨੰ:ਰਮਸਅ/ਵਿੱਤ/2015-16/10889
ਮਿਤੀ: 14-7-2015

ਵਿਸ਼ਾ:- ਮਿਤੀ 31.03.2015 ਤੱਕ ਅਣਵਰਤੇ ਫੰਡਜ਼ ਦੀ ਵਰਤੋਂ ਤੇ ਰੋਕ ਸੰਬੰਧੀ।

ਨਿਮਨਹਸਤਾਖਰ ਦੇ ਧਿਆਨ ਵਿੱਚ ਆਇਆ ਹੈ ਕਿ ਪਿਛਲੇ ਸਾਲਾਂ ਦੇ ਜੋ ਫੰਡਜ਼ ਅਣਵਰਤੇ ਰਹਿ ਗਏ ਹਨ ਉਹਨਾਂ ਦੀ ਵਰਤੋਂ ਪਿਛਲੇ ਸਾਲਾਂ ਨਾਲ ਸੰਬੰਧਤ ਗਤੀਵਿਧੀ/ਕੰਮਾਂ ਲਈ ਕੀਤੀ ਜਾ ਰਹੀ ਹੈ, ਜੋ ਕਿ ਐਮ.ਐਚ.ਆਰ.ਡੀ/ਭਾਰਤ ਸਰਕਾਰ ਵੱਲੋਂ ਜਾਰੀ ਕੀਤੇ Manual on Financial Management and Procurement ਦੇ ਨਿਯਮਾਂ ਵਿਰੁੱਧ ਹੈ।ਇਸ ਲਈ 31.03.2015 ਤੱਕ ਪਿਛਲੇ ਸਾਲਾਂ ਦੇ ਅਣਵਰਤੇ ਫੰਡਜ਼ ਦੀ ਵਰਤੋਂ ਤੇ ਪੂਰਨ ਤੌਰ ਤੇ ਰੋਕ ਲਗਾਈ ਜਾਂਦੀ ਹੈ ਅਤੇ ਹਦਾਇਤ ਕੀਤੀ ਜਾਂਦੀ ਹੈ ਕਿ ਮਿਤੀ 31.03.2015 ਨੂੰ ਜੋ ਅਣਵਰਤੇ ਫੰਡਜ਼ ਜਿਲਾ/ਬਲਾਕ ਅਤੇ ਸਕੂਲ ਪੱਧਰ ਤੇ ਮੋਜੂਦ ਹਨ, ਉਹਨਾਂ ਦੇ ਸਾਲ ਵਾਈਜ਼ ਪੂਰਨ ਵੇਰਵੇ ਗਤੀਵਿਧੀ ਅਨੁਸਾਰ ਸਾਲ ਨੱਥੀ ਪ੍ਰੋਫਾਰਮੇ ਵਿੱਚ ਮੁੱਖ ਦਫਤਰ ਨੂੰ ਮਿਤੀ 16.07.2015 ਤੱਕ ਭੇਜੇ ਜਾਣ ਤਾਂ ਜੋ ਉਹਨਾਂ ਨੂੰ ਵਿਚਾਰਨ ਉਪਰੰਤ ਉਹਨਾਂ ਦੀ ਵਰਤੋਂ ਦੇ ਹੁਕਮ ਸਾਲ 2015-16 ਦੌਰਾਨ Annual Work Plan and Budget ਵਿੱਚ ਪ੍ਰਵਾਨ ਹੋਈਆਂ ਗਤੀਵਿਧੀਆਂ ਲਈ ਕੀਤੀ ਜਾ ਸਕੇ।

ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਉਣਾ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ) ਦੀ ਨਿੱਜੀ ਜਿੰਮੇਵਾਰੀ ਹੋਵੇਗੀ।

ਸਟੇਟ ਪ੍ਰੋਜੈਕਟ ਡਾਇਰੈਕਟਰ
ਰਮਸਅ ਪੰਜਾਬ

ਪਿੱਠ ਅੰਕਣ ਨੰ:- ਮਿਤੀ:-

ਉਪਰੋਕਤ ਦਾ ਉਤਾਰਾ

1. ਸਮੂਹ ਕੰਪੋਨੈਂਟ ਮੁੱਖੀਆਂ ਨੂੰ ਭੇਜਕੇ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੀ ਗੀਤੀਵਿਧੀ ਨਾਲ ਸੰਬੰਧਤ ਸੂਚਨਾ ਜ਼ਿਲ੍ਹਾ ਦਫਤਰਾਂ ਤੋਂ ਪ੍ਰਾਪਤ ਹੋਣ ਉਪਰੰਤ ਉਹਨਾ ਫੰਡਜ਼ ਦੀ ਵਰਤੋਂ ਸਾਲ 2015-16 ਵਿੱਚ Project Approval Board ਤੋਂ ਪ੍ਰਵਾਨਤ ਗਤੀਵਿਧੀਆਂ ਤੇ ਕਰਨ ਲਈ ਨਿਮਨਹਸਤਾਖਰ ਦੀ ਮੰਜੂਰੀ ਲੈਣ ਉਪਰੰਤ ਜ਼ਿਲ੍ਹਾ ਦਫਤਰਾਂ ਨੂੰ ਸੂਚਿਤ ਕੀਤਾ ਜਾਵੇ।

ਸਟੇਟ ਪ੍ਰੋਜੈਕਟ ਡਾਇਰੈਕਟਰ
ਰਮਸਅ ਪੰਜਾਬ

# ਦਫਤਰ ਜਿਲ੍ਹਾ ਸਿੱਖਿਆ ਅਫਸਰ(ਸੈ:ਸਿ:) ਸੰਗਰੂਰ

ਮਿਤੀ 22-7-2015

ਪਿੱਠ ਅੰਕਣ ਨੰਬਰ : ਰਮਸਅ/( )/2015-16/ਵਿੱਤ/ 1376

ਪਿਛਲੇ ਪੰਨੇ ਦਾ ਉਤਾਰਾ ਜਿਲੇ ਦੇ ਸਮੂਹ ਸਰਕਾਰੀ ਸੀਨੀ: ਸੈਕੰ:/ਹਾਈ ਸਕੂਲਾਂ ਦੇ ਮੁਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ 31-3-2015 ਤੱਕ ਪਿਛਲੇ ਸਾਲਾਂ ਦੇ ਅਣਵਰਤੇ ਫੰਡਜ ਦੀ ਵਰਤੋਂ ਤੇ ਪੂਰਣ ਤੌਰ ਤੇ ਰੋਕ ਲਗਾਈ ਜਾਂਦੀ ਹੈ ਅਤੇ ਜੋ ਅਣਵਰਤੇ ਫੰਡ ਸਕੂਲ ਪੱਧਰ ਤੇ ਮੌਜੂਦ ਹਨ ਉਨ੍ਹਾਂ ਦੇ ਸਾਲ ਵਾਈਜ ਪੂਰਣ ਵੇਰਵੇ ਨੱਥੀ ਪ੍ਰੋਫਾਰਮੇ ਵਿੱਚ ਭਰਕੇ ਇਸ ਦਫਤਰ ਦੀ ਈਮੇਲ ਆਈ ਡੀ rmsasangrur@gmail.com ਤੇ ਮਿਤੀ 22-7-2015 ਸਮਾਂ 4 ਵਜੇ ਤੱਕ ਹਰ ਹਾਲਤ ਵਿੱਚ ਈਮੇਲ ਕਰਨਾ ਯਕੀਨੀ ਬਣਾਇਆ ਜਾਵੇ।

ਪ੍ਰੋਫਾਰਮਾ:

| ਲੜੀ ਨੰਬਰ | ਸਾਲ | ਮੱਦ ਦਾ ਨਾਮ | ਬਕਾਇਆ ਪਈ ਰਾਸ਼ੀ | ਘੱਟ ਖਰਚ ਹੋਣ ਦੇ ਕਾਰਣ (ਜੇ ਕੋਈ ਹੈ) |
|---|---|---|---|---|

ਜਿਲਾ ਸਿੱਖਿਆ ਅਫਸਰ(ਸੈ:ਸਿ:)
ਸੰਗਰੂਰ